ਮਾੱਡਲ ਟੈਸਟ ਪੇਪਰ

ਵਿਸ਼ਾ- ਸੰਗੀਤ

ਸ਼੍ਰੇਣੀ - ਬਾਰ੍ਹਵੀਂ(ਵਾਦਨ)

ਸੈਸ਼ਨ – 2024-2025

ਸਮਾਂ - 3 ਘੰਟੇ ਕੁਲ ਅੰਕ-45

ਭਾਗ - ੳ

1 ਤੋਂ 11 ਤੱਕ ਵਸਤੂਨਿਸ਼ਠ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਤਬਲੇ ਦੀ ਪੁੜੀ ਕਿਸ ਦੀ ਬਣੀ ਹੁੰਦੀ ਹੈ ?
2. ਮੀਂਡ ਨੂੰ ਲਿਖਣ ਦਾ ਚਿੰਨ੍ਹ ਲਿਖੋ।
3. ਝਾਲਾ ਕਿੰਨੇ ਪ੍ਰਕਾਰ ਦੇ ਹੁੰਦੇ ਹਨ?
4. ਉ. ਅੱਲਾਉੱਦੀਨ ਖਾਨ ਜੀ ਦੇ ਪਿਤਾ ਕੌਣ ਸਨ?
5. ਪੰਡਿਤ ਨਿਖਿਲ ਬੈਨਰਜੀ ਦਾ ਜਨਮ ਕਦੋਂ ਹੋਇਆ?
6. ਉ. ਵਿਲਾਇਤ ਖਾਨ ਜੀ ਦੇ ਕਿਸੇ ਇੱਕ ਸ਼ਾਗਿਰਦ ਦਾ ਨਾਮ ਲਿਖੋ।
7. ਰੂਪਕ ਤਾਲ ਕਿੰਨੀਆਂ ਮਾਤਰਾਵਾਂ ਦੀ ਤਾਲ ਹੈ?
8. ਧਮਾਰ ਤਾਲ ਕਿਸ ਗਾਇਕੀ ਨਾਲ ਵਜਾਈ ਜਾਂਦੀ ਹੈ?
9. ਮਾਲਕੌਂਸ ਰਾਗ ਦਾ ਸਮਵਾਦੀ ਸੑਰ ਕੀ ਹੁੰਦਾ ਹੈ?
10. ਖਮਾਜ ਰਾਗ ਕਿਸ ਥਾਟ ਦਾ ਰਾਗ ਹੈ ?
11. ਇੱਕਤਾਲ ਵਿੱਚ ਦੂਜਾ ਵਿਭਾਗ ਕਿੰਨੀਆਂ ਮਾਤਰਾਵਾਂ ਦਾ ਹੁੰਦਾ ਹੈ? (11 X 1 = 11)

ਭਾਗ - ਅ

12 ਤੋਂ 17 ਤੱਕ 6 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

12. ਤਾਲ ਦੀ ਸੰਗੀਤ ਵਿੱਚ ਮਹੱਤਤਾ ਬਾਰੇ ਲਿਖੋ।
13. ਗਾਇਕ ਦੇ ਕੋਈ ਦੋ ਗੁਣ ਲਿਖੋ।
14. ਗਾਇਕ ਬਾਰੇ ਸੰਖੇਪ ਵਿੱਚ ਲਿਖੋ।
15. ਰਾਗ ਭੈਰਵ ਦਾ ਪਰਿਚੈ ਲਿਖੋ।
16. ਤਿਲਵਾੜਾ ਤਾਲ ਦਾ ਪਰਿਚੈ ਲਿਖੋ।
17. ਕੋਈ ਤਿੰਨ ਅਲੰਕਾਰ ਲਿਖੋ। (6 X 2 = 12)

ਭਾਗ – ੲ

18 ਤੋਂ 21 ਤੱਕ 4 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

18. ਤਬਲੇ ਦੀ ਜਾਣਕਾਰੀ ਦੀਓ ਅਤੇ ਕੋਈ ਦੋ ਅੰਗਾਂ ਬਾਰੇ ਲਿਖੋ।
19. ਗਾਇਕ ਦੇ ਕੋਈ ਤਿੰਨ ਔਗੁਣ ਲਿਖੋ।
20. ਝੱਪਤਾਲ ਦਾ ਪਰਿਚੈ, ਦੁਗੁਣ ਸਹਿਤ ਲਿਖੋ।
21. ਮਾਲਕੌਂਸ ਰਾਗ ਦਾ ਪਰਿਚੈ, ਆਰੋਹ, ਅਵਰੋਹ ਅਤੇ ਪਕੜ ਸਹਿਤ ਲਿਖੋ। (4 X 3 = 12)

ਭਾਗ – ਸ

22 ਤੋਂ 23 ਤੱਕ 2 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ।

22. ਉ. ਵਿਲਾਇਤ ਖਾਨ ਜੀ ਦਾ ਜੀਵਨ ਪਰਿਚੈ ਲਿਖੋ।

ਜਾਂ

ਸਿਤਾਰ ਦੇ ਕੋਈ ਪੰਜ ਅੰਗਾਂ ਬਾਰੇ ਲਿਖੋ।

23. ਰਾਗ ਭੈਰਵੀ ਵਿੱਚ ਰਜ਼ਾਖਾਨੀ ਗਤ ਦੀ ਸੁਰਲਿਪੀ ਲਿਖੋ।

ਜਾਂ

ਧਮਾਰ ਤਾਲ ਨੂੰ ਇੱਕਗੁਣ ਅਤੇ ਦੁਗੁਣ ਵਿੱਚ ਲਿਖੋ। (2 X 5 = 10)